# ਨਵਜਾਤ ਬੱਚੇ ਦੀ ਸੁਣਨ ਦੀ ਜਾਂਚ ਠੀਕ ਪਾਈ ਗਈ

## ਤੁਹਾਡੇ ਬੱਚੇ ਨੇ ਪਹਿਲੀ ਸੁਣਨ ਦੀ ਜਾਂਚ ਪਾਸ ਕੀਤੀ ਹੈ!

ਸੁਣਨ ਦੀ ਜਾਂਚ ਦੇ ਨਤੀਜੇ ਦਰਸਾਉਂਦੇ ਹਨ ਕਿ ਤੁਹਾਡਾ ਬੱਚਾ ਇਸ ਸਮੇਂ ਦੋਵੇਂ ਕੰਨਾਂ ਨਾਲ ਸੁਣ ਸਕਦਾ ਹੈ।

**ਬੱਚੇ ਦਾ ਨਾਮ:** ______________________________________________________________

ਤਾਰੀਖ਼: ____________________ **ਸਕ੍ਰੀਨਿੰਗ ਦਾ ਤਰੀਕਾ** (ਇੱਕ 'ਤੇ ਗੋਲਾ ਲਗਾਓ): **OAE** **ABR**

## ਅਸੀਂ ਤੁਹਾਡੇ ਬੱਚੇ ਦੀ ਸੁਣਨ ਦੀ ਸਮਰਥਾ ਦੀ ਜਾਂਚ ਕਿਵੇਂ ਕੀਤੀ ਸੀ?

ਸਕ੍ਰੀਨਿੰਗ ਵਿੱਚ ਸਿਰਫ਼ ਕੁਝ ਮਿੰਟ ਲੱਗਦੇ ਹਨ, ਸ਼ਾਇਦ ਜਦੋਂ ਕਿ ਤੁਹਾਡਾ ਬੱਚਾ ਸੋ ਰਿਹਾ ਹੋਵੇ। ਬੱਚਿਆਂ ਲਈ ਖਾਸ ਤੌਰ 'ਤੇ ਬਣਾਏ ਗਏ ਈਅਰਫੋਨ ਰਾਹੀਂ ਨਰਮ ਆਵਾਜ਼ਾਂ ਵਜਾਈਆਂ ਗਈਆਂ। ਤੁਹਾਡੇ ਬੱਚੇ ਦੀ ਆਵਾਜ਼ ਪ੍ਰਤੀ ਪ੍ਰਤੀਕਿਰਿਆਵਾਂ ਨੂੰ ਆਟੋਅਕੋਸਟਿਕ ਐਮੀਸ਼ਨ (Otoacoustic Emissions, OAE) ਜਾਂ ਆਡੀਟਰੀ ਬ੍ਰੇਨਸਟੈਮ ਰਿਸਪਾਂਸ (Auditory Brainstem Response, ABR) ਦੁਆਰਾ ਆਪਣੇ ਆਪ ਮਾਪਿਆ ਗਿਆ।

ਅੱਜ ਦੇ ਆਸਾਨ ਸਕ੍ਰੀਨਿੰਗ ਤਰੀਕੇ ਬਹੁਤ ਭਰੋਸੇਮੰਦ ਹਨ। ਸੁਣਨ ਦੀ ਸਮਰਥਾ ਵਿੱਚ ਸਮੱਸਿਆ ਵਾਲੇ ਬੱਚੇ ਨੂੰ ਸ਼ਾਇਦ ਹੀ ਕਦੇ ਅਣਡਿੱਠਾ ਕੀਤਾ ਜਾਂਦਾ ਹੈ।

ਜਾਂਚ ਤੋਂ ਪਤਾ ਲੱਗਦਾ ਹੈ ਕਿ ਤੁਹਾਡਾ ਬੱਚਾ ਹੁਣ ਸੁਣ ਰਿਹਾ ਹੈ। ਹਾਲਾਂਕਿ, ਨਵਜਾਤ ਬੱਚੇ ਦੀ ਸੁਣਨ ਦੀ ਸਮਰਥਾ ਦੀ ਜਾਂਚ ਪਾਸ ਕਰਨ ਵਾਲੇ ਬਹੁਤ ਘੱਟ ਬੱਚਿਆਂ ਨੂੰ ਜੀਵਨ ਵਿੱਚ ਅੱਗੇ ਚੱਲ ਕੇ ਕਦੀ ਸੁਣਨ ਦੀ ਸਮੱਸਿਆ ਹੋ ਸਕਦੀ ਹੈ।

## ਬੱਚੇ ਦੀ ਜਾਂਚ ਕਿਉਂ ਕਰਨੀ ਚਾਹੀਦੀ ਹੈ?

ਸੁਣਨ ਦੀ ਸਮਰਥਾ ਦਾ ਨੁਕਸਾਨ ਅਦਿੱਖ ਹੋ ਸਕਦਾ ਹੈ। ਹੁਣ, ਤਕਨਾਲੋਜੀ ਬੱਚੇ ਦੇ ਜੀਵਨ ਦੇ ਸ਼ੁਰੂਆਤੀ ਦਿਨਾਂ ਵਿੱਚ ਸੁਣਨ ਦੀ ਸਮਰਥਾ ਦੀ ਸਮੱਸਿਆ ਦਾ ਪਤਾ ਲਗਾਉਣਾ ਸੰਭਵ ਬਣਾਉਂਦੀ ਹੈ।

ਬੱਚੇ ਦੇ ਜੀਵਨ ਦੇ ਪਹਿਲੇ ਕੁਝ ਮਹੀਨੇ ਅਤੇ ਸਾਲ ਉਸਦੀ ਬੋਲਚਾਲ ਅਤੇ ਸਮਝਣ ਦੀ ਸਮਰਥਾ ਵਿਕਸਿਤ ਕਰਨ ਲਈ ਬਹੁਤ ਜ਼ਰੂਰੀ ਹੁੰਦੇ ਹਨ। ਜਿਸ ਬੱਚੇ ਨੂੰ ਸੁਣਨ ਦੀ ਸਮਰਥਾ ਦੀ ਸਮੱਸਿਆ ਜਾਂ ਬੋਲ਼ਾਪਣ ਹੈ, ਉਸਨੂੰ ਆਮ ਭਾਸ਼ਾ ਦੇ ਹੁਨਰ ਵਿਕਸਿਤ ਕਰਨ ਵਿੱਚ ਮੁਸ਼ਕਲ ਆ ਸਕਦੀ ਹੈ ਜਾਂ ਉਹ ਸਕੂਲ ਵਿੱਚ ਚੰਗਾ ਪ੍ਰਦਰਸ਼ਨ ਨਹੀਂ ਕਰ ਸਕਦਾ। ਇਸ ਲਈ ਇਹ ਮਹੱਤਵਪੂਰਨ ਹੈ ਕਿ ਬੱਚੇ ਦੀ ਇਸ ਸਮਰਥਾ ਦੀ ਜਲਦੀ ਪਛਾਣ ਕੀਤੀ ਜਾਵੇ ਅਤੇ ਬੱਚੇ ਅਤੇ ਪਰਿਵਾਰ ਨੂੰ ਵਿਸ਼ੇਸ਼ ਸੇਵਾਵਾਂ ਪ੍ਰਦਾਨ ਕੀਤੀਆਂ ਜਾਣ।

## ਕਿੰਨੇ ਬੱਚਿਆਂ ਨੂੰ ਸੁਣਨ ਦੀ ਸਮਰਥਾ ਦੀ ਸਮੱਸਿਆ ਹੁੰਦੀ ਹੈ?

1000 ਬੱਚਿਆਂ ਵਿੱਚੋਂ ਲਗਭਗ 2-4 ਵਿੱਚ ਸੁਣਨ ਦੀ ਸਮਰਥਾ ਦੀ ਗੰਭੀਰ ਕਮੀ ਪਾਈ ਜਾਂਦੀ ਹੈ। ਸੁਣਨ ਦੀ ਸਮਰਥਾ ਦੀ ਸਮੱਸਿਆ ਵਾਲੇ ਲਗਭਗ 50% ਬੱਚਿਆਂ ਵਿੱਚ ਕੋਈ ਜਾਣੇ-ਪਛਾਣੇ ਲੱਛਣ ਜਾਂ ਜੋਖ਼ਮ ਦੇ ਕਾਰਕ ਨਹੀਂ ਹੁੰਦੇ, ਜਿਵੇਂ ਕਿ ਗੰਭੀਰ ਬਿਮਾਰੀ ਜਾਂ ਬੋਲ਼ੇਪਣ ਦਾ ਪਰਿਵਾਰਕ ਇਤਿਹਾਸ। ਕੁਝ ਬੱਚਿਆਂ ਨੂੰ ਵਾਰ-ਵਾਰ ਕੰਨਾਂ ਦੀ ਲਾਗ, ਮੈਨਿਨਜਾਈਟਿਸ, ਸਿਰ ਦੀ ਸੱਟ ਜਾਂ ਹੋਰ ਮੈਡੀਕਲ ਸਥਿਤੀਆਂ ਕਾਰਨ ਜੀਵਨ ਵਿੱਚ ਬਾਅਦ ਵਿੱਚ ਸੁਣਨ ਦੀ ਸਮਰਥਾ ਦੀ ਸਮੱਸਿਆ ਹੋ ਸਕਦੀ ਹੈ। ਕਈ ਵਾਰ ਬੱਚੇ ਆਪਣੀ ਸੁਣਨ ਦੀ ਸਮਰਥਾ ਗੁਆ ਦਿੰਦੇ ਹਨ ਅਤੇ ਇਸਦਾ ਕਾਰਨ ਕਦੇ ਪਤਾ ਨਹੀਂ ਲੱਗਦਾ।

ਜੇਕਰ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਆਪਣੇ ਬੱਚੇ ਦੇ ਡਾਕਟਰ ਨਾਲ ਗੱਲ ਕਰੋ। ਬੱਚੇ ਦੀ ਸੁਣਨ ਦੀ ਸਮਰਥਾ ਦੀ ਜਾਂਚ ਕਰਨ ਦਾ ਸਭ ਤੋਂ ਵੱਡਾ ਕਾਰਨ ਕਿਸੇ ਵੀ ਪੁਰਾਣੇ ਟੈਸਟ ਦੇ ਨਤੀਜੇ ਦੀ ਪਰਵਾਹ ਕੀਤੇ ਬਿਨਾਂ ਦੇਖਭਾਲ ਕਰਨ ਵਾਲੇ ਦੀ ਚਿੰਤਾ ਹੈ। ਤੁਸੀਂ ਆਪਣੇ ਬੱਚੇ ਨੂੰ ਸਭ ਤੋਂ ਵਧੀਆ ਜਾਣਦੇ ਹੋ।

## ਬੱਚੇ ਲਈ ਅੱਗੇ ਕੀ ਕਰਨਾ ਹੈ?

ਜਿਵੇਂ-ਜਿਵੇਂ ਤੁਹਾਡਾ ਬੱਚਾ ਵੱਡਾ ਹੁੰਦਾ ਜਾਂਦਾ ਹੈ, ਸੁਣਨ ਦੀ ਸਮਰਥਾ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ। ਨਵਜਾਤ ਬੱਚੇ ਦੀ ਸੁਣਨ ਦੀ ਸਮਰਥਾ ਦੀ ਜਾਂਚ ਤੁਹਾਡੇ ਬੱਚੇ ਦੀ ਸੁਣਨ ਦੀ ਸਮਰਥਾ, ਬੋਲਣ ਦੀ ਸ਼ਕਤੀ ਅਤੇ ਭਾਸ਼ਾ ਦੀ ਪ੍ਰਗਤੀ ਨੂੰ ਦੇਖਣ ਲਈ ਪਹਿਲਾ ਕਦਮ ਹੈ। ਇਹ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਤੁਹਾਡੇ ਬੱਚੇ ਦੀ ਭਾਸ਼ਾ ਅਤੇ ਬੋਲੀ ਕਿਵੇਂ ਵਿਕਸਿਤ ਹੁੰਦੀ ਹੈ।

ਇਸ ਬਰੋਸ਼ਰ ਵਿੱਚ "ਉਮਰ ਅਨੁਸਾਰ ਸੁਣਨ ਅਤੇ ਬੋਲਣ ਦੇ ਪੜਾਅ" ਜਾਣਕਾਰੀ ਵਿੱਚ ਕੁਝ ਚੀਜ਼ਾਂ ਦੀ ਸੂਚੀ ਦਿੱਤੀ ਗਈ ਹੈ ਜੋ ਜ਼ਿਆਦਾਤਰ ਬੱਚੇ ਵੱਖ-ਵੱਖ ਉਮਰਾਂ ਵਿੱਚ ਕਰਨਗੇ। ਜਿਵੇਂ-ਜਿਵੇਂ ਤੁਹਾਡਾ ਬੱਚਾ ਵੱਡਾ ਹੁੰਦਾ ਹੈ, ਤੁਸੀਂ ਉਨ੍ਹਾਂ ਦੇ ਕੰਮਾਂ ਅਤੇ ਬੋਲੀ ਦੀ ਤੁਲਨਾ ਸੂਚੀ ਨਾਲ ਕਰ ਸਕਦੇ ਹੋ। ਜੇਕਰ ਤੁਹਾਨੂੰ ਆਪਣੇ ਬੱਚੇ ਦੀ ਸੁਣਨ ਦੀ ਸਮਰਥਾ ਬਾਰੇ ਕੋਈ ਚਿੰਤਾਵਾਂ ਹਨ, ਤਾਂ ਤੁਰੰਤ ਆਪਣੇ ਬੱਚੇ ਦੇ ਡਾਕਟਰ ਜਾਂ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

## ਉਮਰ ਅਨੁਸਾਰ ਸੁਣਨ ਅਤੇ ਬੋਲਣ ਦੇ ਪੜਾਅ

| ਉਮਰ | ਸੁਣਨ ਅਤੇ ਬੋਲਣ ਦੇ ਪੜਾਅ |
|---|---|
| **ਜਨਮ ਤੋਂ 3 ਮਹੀਨੇ ਤੱਕ** | » ਜਾਣੀਆਂ-ਪਛਾਣੀਆਂ ਆਵਾਜ਼ਾਂ ਨੂੰ ਸੁਣ ਕੇ ਚੁੱਪ ਹੋਣ<br>» ਉੱਚੀਆਂ ਆਵਾਜ਼ਾਂ 'ਤੇ ਪ੍ਰਤੀਕਿਰਿਆ ਕਰਦਾ/ਦੀ ਹੈ, ਬੱਚਾ ਡਰਦਾ/ਦੀ ਹੈ, ਝਪਕਦਾ/ਦੀ ਹੈ, ਚੂਸਣਾ ਬੰਦ ਕਰ ਦਿੰਦਾ/ਦੀ ਹੈ, ਰੋਂਦਾ/ਦੀ ਹੈ, ਜਾਂ ਜਾਗ ਜਾਂਦਾ/ਦੀ ਹੈ।<br>» ਜਾਗਣ 'ਤੇ ਨਰਮ ਆਵਾਜ਼ਾਂ ਕੱਢਦਾ/ਦੀ ਹੈ, ਬੱਚਾ ਗੁੜਗੁੜਾਉਂਦਾ/ਦੀ ਹੈ। |
| **3 ਤੋਂ 6 ਮਹੀਨੇ** | » ਅੱਖਾਂ ਜਾਂ ਸਿਰ ਨੂੰ ਆਵਾਜ਼ਾਂ, ਧੁਨੀਆਂ, ਸ਼ੋਰ ਪੈਦਾ ਕਰਨ ਵਾਲੇ ਖਿਡੌਣਿਆਂ, ਕੁੱਤੇ ਦੇ ਭੌਂਕਣ ਵੱਲ ਮੋੜਦਾ ਹੈ।<br>» "ਗਾ", "ਓਹ", "ਬਾ" ਅਤੇ ਪ, ਬ, ਮ ਵਰਗੀਆਂ ਧੁਨੀਆਂ ਕੱਢਣੀਆਂ ਸ਼ੁਰੂ ਕਰ ਦਿੰਦਾ/ਦੀ ਹੈ।<br>» ਤੁਹਾਡੀ ਆਵਾਜ਼ ਦੇ ਲਹਿਜੇ ਵਿੱਚ ਤਬਦੀਲੀ 'ਤੇ ਪ੍ਰਤੀਕਿਰਿਆ ਕਰਦਾ/ਦੀ ਹੈ |
| **6 ਤੋਂ 9 ਮਹੀਨੇ** | » ਆਪਣੇ ਨਾਮ ਦਾ ਜਵਾਬ ਦਿੰਦਾ/ਦੀ ਹੈ ਅਤੇ ਬੁਲਾਏ ਜਾਣ 'ਤੇ ਦੇਖਦਾ/ਦੀ ਹੈ।<br>» ਸਧਾਰਨ ਸ਼ਬਦਾਂ ਨੂੰ ਸਮਝਦਾ/ਦੀ ਹੈ, "ਨਹੀਂ," "ਬਾਏ-ਬਾਏ," "ਜੂਸ"<br>» ਤੁਤਲਾਉਂਦਾ ਹੈ, "ਦਾ ਦਾ ਦਾ," "ਮਾ ਮਾ ਮਾ," "ਬਾ ਬਾ ਬਾ" |

| ਉਮਰ | ਸੁਣਨ ਅਤੇ ਬੋਲਣ ਦੇ ਪੜਾਅ |
|---|---|
| **9 ਤੋਂ 12 ਮਹੀਨੇ** | » ਨਰਮ ਜਾਂ ਉੱਚੀ ਆਵਾਜ਼ਾਂ ਦੋਵਾਂ ਦਾ ਜਵਾਬ ਦਿੰਦਾ ਹੈ।<br>» ਇੱਕਲੇ ਸ਼ਬਦਾਂ ਨੂੰ ਦੁਹਰਾਉਂਦਾ ਹੈ ਅਤੇ ਜਾਨਵਰਾਂ ਦੀਆਂ ਆਵਾਜ਼ਾਂ ਦੀ ਨਕਲ ਕਰਦਾ/ਦੀ ਹੈ।<br>» ਪੁੱਛੇ ਜਾਣ 'ਤੇ ਮਨਪਸੰਦ ਖਿਡੌਣਿਆਂ ਜਾਂ ਭੋਜਨ ਵੱਲ ਇਸ਼ਾਰਾ ਕਰਦਾ/ਦੀ ਹੈ |
| **12 ਤੋਂ 18 ਮਹੀਨੇ** | » 10 ਜਾਂ ਵੱਧ ਸ਼ਬਦਾਂ ਦੀ ਵਰਤੋਂ ਕਰਦਾ/ਦੀ ਹੈ<br>» ਸਰਲ ਬੋਲੀਆਂ ਗਈਆਂ ਹਿਦਾਇਤਾਂ ਦੀ ਪਾਲਣਾ ਕਰਦਾ ਹੈ, "ਬਾਲ ਫੜੋ"<br>» ਪੁੱਛੇ ਜਾਣ 'ਤੇ ਲੋਕਾਂ, ਸਰੀਰ ਦੇ ਅੰਗਾਂ ਜਾਂ ਖਿਡੌਣਿਆਂ ਵੱਲ ਇਸ਼ਾਰਾ ਕਰਦਾ/ਦੀ ਹੈ<br>» ਸੰਗੀਤ 'ਤੇ ਉਛਲਦਾ ਹੈ |
| **18 ਤੋਂ 24 ਮਹੀਨੇ** | » 20 ਜਾਂ ਵੱਧ ਸ਼ਬਦਾਂ ਦੀ ਵਰਤੋਂ ਕਰਦਾ/ਦੀ ਹੈ<br>» 2 ਜਾਂ ਵੱਧ ਸ਼ਬਦਾਂ ਨੂੰ ਜੋੜਦਾ/ਦੀ ਹੈ, "ਹੋਰ ਜੂਸ," "ਉਹ ਕੀ ਹੈ?"<br>» ਸ਼ਬਦਾਂ ਦੇ ਸ਼ੁਰੂ ਵਿੱਚ ਕਈ ਵੱਖ-ਵੱਖ ਵਿਅੰਜਨ ਧੁਨੀਆਂ ਦੀ ਵਰਤੋਂ ਕਰਦਾ/ਦੀ ਹੈ, b, g, m<br>» ਸਾਧਾਰਨ ਕਹਾਣੀਆਂ ਅਤੇ ਗਾਣੇ ਸੁਣਦਾ/ਦੀ ਹੈ |
| **2 ਤੋਂ 3 ਸਾਲ** | » 2-3 ਸ਼ਬਦਾਂ ਵਾਲੇ ਵਾਕਾਂ ਦੀ ਵਰਤੋਂ ਕਰਦਾ/ਦੀ ਹੈ।<br>» 2 ਸਾਲ ਦੀ ਉਮਰ ਵਿੱਚ, ਲੋਕ ਕੁਝ ਸਮੇਂ ਲਈ ਬੱਚੇ ਦੀ ਗੱਲ ਸਮਝ ਪਾਉਂਦੇ ਹਨ (25%-50%)<br>» 3 ਸਾਲ ਦੀ ਉਮਰ ਵਿੱਚ, ਲੋਕ ਜ਼ਿਆਦਾਤਰ ਸਮੇਂ ਸਮਝ ਲੈਂਦੇ ਹਨ ਕਿ ਬੱਚਾ ਕੀ ਕਹਿ ਰਿਹਾ ਹੈ (50%-75%)।<br>» ਦੋ-ਕਦਮੀ ਨਿਰਦੇਸ਼ਾਂ ਦੀ ਪਾਲਣਾ ਕਰਦਾ ਹੈ, "ਗੇਂਦ ਚੁੱਕੋ ਅਤੇ ਇਸਨੂੰ ਮੇਜ਼ 'ਤੇ ਰੱਖੋ" |

## ਸੁਣਨ ਦੀ ਸਮਰਥਾ ਦੀ ਜਾਂਚ ਕਿਸੇ ਵੀ ਉਮਰ ਵਿੱਚ ਕੀਤੀ ਜਾ ਸਕਦੀ ਹੈ।

ਕੈਲੀਫੋਰਨੀਆ ਦੇ ਨਵਜਾਤ ਬੱਚਿਆਂ ਦੀ ਹੀਅਰਿੰਗ ਸਕ੍ਰੀਨਿੰਗ ਪ੍ਰੋਗਰਾਮ (NHSP) ਦਾ ਮਕਸਦ ਇਹ ਹੈ ਕਿ ਉਹ ਬੱਚੇ ਜਿਨ੍ਹਾਂ ਵਿੱਚ ਸੁਣਨ ਦੀ ਸਮਰਥਾ ਵਿੱਚ ਘਾਟ ਹੈ, ਉਨ੍ਹਾਂ ਦੀ ਪਛਾਣ ਕੀਤੀ ਜਾਵੇ ਅਤੇ ਛੇ ਮਹੀਨੇ ਦੀ ਉਮਰ ਤੱਕ ਉਨ੍ਹਾਂ ਨੂੰ ਲਾਜ਼ਮੀ ਸੇਵਾਵਾਂ ਨਾਲ ਜੋੜਿਆ ਜਾਵੇ। NHSP ਵਿੱਚ ਹੀਅਰਿੰਗ ਕੋਆਰਡੀਨੇਸ਼ਨ ਸੈਂਟਰ ਹਨ ਜੋ ਪਰਿਵਾਰਾਂ, ਸਿਹਤ ਸੰਭਾਲ ਪ੍ਰਦਾਤਾਵਾਂ ਅਤੇ ਹਸਪਤਾਲਾਂ ਨਾਲ ਮਿਲ ਕੇ ਇਹ ਯਕੀਨੀ ਬਣਾਉਣ ਲਈ ਕੰਮ ਕਰਦੇ ਹਨ ਕਿ ਬੱਚਿਆਂ ਨੂੰ ਲੋੜੀਂਦੀਆਂ ਸੇਵਾਵਾਂ ਮਿਲ ਸਕਣ।

NHSP ਸਿਹਤ ਅਤੇ ਸੁਰੱਖਿਆ ਕੋਡ ਦੀ ਧਾਰਾ 124119 ਦੇ ਅਨੁਸਾਰ ਤੁਹਾਡੇ ਬੱਚੇ ਦੀ ਸੁਣਨ ਦੀ ਸਮਰਥਾ ਦੀ ਜਾਂਚ ਬਾਰੇ ਜਾਣਕਾਰੀ ਇਕੱਠੀ ਕਰਦਾ ਹੈ। ਹੀਅਰਿੰਗ ਕੋਆਰਡੀਨੇਸ਼ਨ ਸੈਂਟਰ ਇਸ ਜਾਣਕਾਰੀ ਦੀ ਵਰਤੋਂ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ

ਲੋੜੀਂਦੀਆਂ ਸੇਵਾਵਾਂ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨ ਲਈ ਕਰ ਸਕਦੇ ਹਨ। ਇਹ ਸੰਭਵ ਹੈ ਕਿ ਹੀਅਰਿੰਗ ਕੋਆਰਡੀਨੇਸ਼ਨ ਸੈਂਟਰ ਤੁਹਾਡੇ ਨਾਲ ਫਾਲੋ-ਅੱਪ ਸੇਵਾਵਾਂ ਬਾਰੇ ਸੰਪਰਕ ਕਰ ਸਕਦਾ ਹੈ।

**ਹੋਰ ਜਾਣਕਾਰੀ ਲਈ:**

» ਟੋਲ ਫ੍ਰੀ 1-877-388-5301 'ਤੇ ਕਾਲ ਕਰੋ ਜਾਂ ਸਾਡੀ ਵੈਬਸਾਈਟ www.dhcs.ca.gov/services/nhsp 'ਤੇ ਜਾਓ।